# 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੇ ਬੈਂਕ ਡਿਪੋਜ਼ਿਟ ਬਾਕਸ ਤੋਂ ਵਸਤੂਆਂ ਦੀ ਜਾਂਚ ਜਾਂ ਹਟਾਉਣ ਲਈ ਅਰਜ਼ੀ ਕਿਵੇਂ ਦੇਈਏ




ਗ੍ਰਹਿ ਵਿਭਾਗ

1 ਅਪ੍ਰੈਲ 2007 ਤੋਂ ਲਾਗੂ ਜਾਣਕਾਰੀ

# 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੇ ਬੈਂਕ ਡਿਪੋਜ਼ਿਟ ਬਾਕਸ ਤੋਂ ਵਸਤੂਆਂ ਦੀ ਜਾਂਚ ਜਾਂ ਹਟਾਉਣ ਲਈ ਅਰਜ਼ੀ ਕਿਵੇਂ ਦੇਈਏ

## ਜਾਣ-ਪਛਾਣ

ਰੈਵੇਨਿਊ (ਅਬੋਲਿਸ਼ਨ ਆਫ ਐਸਟੇਟ ਡਿਊਟੀ ) ਆਰਡੀਨੈਂਸ 2005 ਵਿੱਚ 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੁਆਰਾ ਕਿਰਾਏ ਤੇ ਦਿੱਤੇ ਗਏ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚੋਂ ਵਸਤਾਂ ਦੇ ਨਿਰੀਖਣ ਅਤੇ ਹਟਾਉਣ ਦੀ ਵਿਵਸਥਾ ਕੀਤੀ ਗਈ ਹੈ। ਗ੍ਰਹਿ ਮਾਮਲਿਆਂ ਦਾ ਡਾਇਰੈਕਟਰ,ਗ੍ਰਹਿ ਵਿਭਾਗ ਦੇ ਸਕੱਤਰ ਤੋਂ ਸੌਂਪੇ ਗਏ ਅਧਿਕਾਰ ਅਧੀਨ ਜਾਂਚ ਦੇ ਮਕਸਦ ਲਈ "ਬੈਂਕ ਡਿਪਾਜ਼ਿਟ ਬਾਕਸ ਦੇ ਨਿਰੀਖਣ ਦੀ ਜ਼ਰੂਰਤ ਲਈ ਪ੍ਰਮਾਣ-ਪੱਤਰ" (ਨਿਰੀਖਣ ਲਈ ਪ੍ਰਮਾਣ-ਪੱਤਰ) ਅਤੇ "ਬੈਂਕ ਡਿਪੋਜ਼ਿਟ ਬਾਕਸ ਤੋਂ ਵਿਸ਼ੇਸ਼ ਵਸਤੂ ਨੂੰ ਹਟਾਉਣ ਲਈ ਅਧਿਕਾਰ" ਅਰਜ਼ੀ ਦੇਣ 'ਤੇ ਜਾਰੀ ਕਰ ਸਕਦੇ ਹਨ। ਪ੍ਰੋਬੇਟ ਐਂਡ ਐਡਮਿਨਿਸਟ੍ਰੇਸ਼ਨ ਆਰਡੀਨੈਂਸ ਦੀ ਧਾਰਾ 60C ਤੋਂ 601 ਚੈਪਟਰ 10, ਹਾਂਗ ਕਾਂਗ ਦੇ ਕਾਨੂੰਨ ਢੁਕਵੇਂ ਹਨ।

ਵਿਚਾਰ ਅਧੀਨ ਸੁਰੱਖਿਅਤ ਡਿਪੋਜ਼ਿਟ ਬਾਕਸ ਕਿਰਾਏ 'ਤੇ ਦਿੱਤਾ ਜਾ ਸਕਦਾ ਹੈ -

(a) ਮ੍ਰਿਤਕ ਵਿਅਕਤੀ ਦੇ ਇਕੱਲੇ ਨਾਂ 'ਤੇ ;

(b) ਸਾਂਝੇ ਤੌਰ ਤੇ ਦੂਸਰੇ ਵਿਅਕਤੀ ਨਾਲ ਅਤੇ ਜਿੱਥੇ ਲੀਜ਼ ਸਮਝੌਤਾ "ਬਚਾਅ ਪ੍ਰਬੰਧ" ਦੀ ਵਿਵਸਥਾ ਕਰਦਾ ਹੈ, ਭਾਵ ਇਹ ਕਿ ਬਾਕਸ ਦੇ ਕਿਰਾਏਦਾਰਾਂ ਵਿੱਚੋਂ ਕਿਸੇ ਦੇ ਵੀ ਬਾਕਸ ਦੀ ਸਮੱਗਰੀ ਤੱਕ ਪਹੁੰਚ ਬਾਕਸ ਦੇ ਦੂਜੇ ਕਿਰਾਏਦਾਰ ਦੀ ਮੌਤ ਨਾਲ ਪ੍ਰਭਾਵਤ ਨਹੀਂ ਹੁੰਦੀ, ਜਿਵੇਂ ਕਿ ਸਮਝੌਤੇ ਵਿੱਚ ਵਿਸ਼ੇਸ਼ ਤੌਰ 'ਤੇ ਕਿਹਾ ਗਿਆ ਹੈ ਕਿ ਸਾਂਝੇ ਕਿਰਾਏਦਾਰਾਂ ਵਿੱਚੋਂ ਕਿਸੇ ਦੀ ਮੌਤ ਹੋਣ ਦੀ ਸਥਿਤੀ ਵਿੱਚ ਸਮਝੌਤੇ ਤਹਿਤ ਕੋਈ ਅਧਿਕਾਰ ਜਾਂ ਦਿਲਚਸਪੀ ਹੋਣ ਵਜੋਂ ਬੈਂਕ ਇਕੋ ਇਕ ਵਿਅਕਤੀ ਵਜੋਂ ਬਚੇ ਹੋਏ ਕਿਰਾਏਦਾਰ ਨੂੰ ਮਾਨਤਾ ਦੇਵੇਗਾ; ਜਾਂ

(c) ਦੂਸਰੇ ਵਿਅਕਤੀ ਨਾਲ ਸਾਂਝੇ ਤੌਰ ਤੇ ਅਤੇ ਜਿੱਥੇ ਲੀਜ਼ ਸਮਝੌਤਾ "ਬਚਾਅ ਪ੍ਰਬੰਧ" ਪ੍ਰਦਾਨ ਨਹੀਂ ਕਰਦਾ।

## ਬੈਂਕ ਡਿਪਾਜ਼ਿਟ ਬਾਕਸ ਦੀ ਜਾਂਚ

### *ਜਾਂਚ ਲਈ ਸਰਟੀਫਿਕੇਟ ਦੇ ਲਈ ਅਰਜ਼ੀ*

ਮ੍ਰਿਤਕ ਵਿਅਕਤੀ ਦੇ ਸੁਰੱਖਿਅਤ ਡਿਪੋਜ਼ਿਟ ਬਾਕਸ ਦੀ ਜਾਂਚ ਲਈ ਅਰਜ਼ੀ ਫਾਰਮ HAEU3 'ਤੇ ਦਿੱਤੀ ਜਾਣੀ ਚਾਹੀਦੀ ਹੈ। ਅਰਜ਼ੀ ਹੇਠ ਲਿਖਿਆਂ ਦੁਆਰਾ ਦਿੱਤੀ ਜਾ ਸਕਦੀ ਹੈ-

(a) ਮ੍ਰਿਤਕ ਵਿਅਕਤੀ ਦਾ ਵਾਰਿਸ;

(b) ਇਕ ਵਿਅਕਤੀ ਜੋ ਜਾਇਦਾਦ ਨੂੰ ਸੰਭਾਲਣ ਵਿੱਚ ਪਹਿਲ ਦੇ ਆਧਾਰ 'ਤੇ ਹੱਕਦਾਰ ਹੈ; ਜਾਂ

(c) ਬਚੇ ਹੋਏ ਕਿਰਾਏਦਾਰ ਜੇ ਸੁਰੱਖਿਅਤ ਡਿਪੋਜ਼ਿਟ ਬਾਕਸ ਨੂੰ ਮ੍ਰਿਤਕ ਵਿਅਕਤੀ ਦੁਆਰਾ ਸਾਂਝੇ ਤੌਰ ਤੇ ਕਿਸੇ ਹੋਰ ਵਿਅਕਤੀ ਜਾਂ ਵਿਅਕਤੀਆਂ ਨਾਲ ਕਿਰਾਏ 'ਤੇ ਦਿੱਤਾ ਗਿਆ ਹੋਵੇ।

ਬਿਨੈਕਾਰ ਕੋਲ ਸੁਰੱਖਿਅਤ ਡਿਪੋਜ਼ਿਟ ਬਾਕਸ ਦੀ ਇੱਕ ਚਾਬੀ ਹੋਣੀ ਚਾਹੀਦੀ ਹੈ।

### *ਲੋੜੀਂਦੇ ਦਸਤਾਵੇਜ਼*

ਸੁਰੱਖਿਅਤ ਡਿਪਾਜ਼ਿਟ ਬਾਕਸ ਦੀ ਜਾਂਚ ਕਰਨ ਲਈ ਬੇਨਤੀ ਪੱਤਰ ਦੇ ਨਾਲ ਹੇਠ ਲਿਖੇ ਦਸਤਾਵੇਜ਼ਾਂ ਦੀ ਲੋੜ ਪੈਂਦੀ ਹੈ –

(a) ਮ੍ਰਿਤਕ ਵਿਅਕਤੀ ਦਾ ਪਛਾਣ-ਪੱਤਰ/ਪਾਸਪੋਰਟ;

(b) ਮ੍ਰਿਤਕ ਵਿਅਕਤੀ ਦੀ ਮੌਤ ਦਾ ਸਰਟੀਫਿਕੇਟ;

(c) ਬਿਨੈਕਾਰ ਦਾ ਪਛਾਣ-ਪੱਤਰ/ਪਾਸਪੋਰਟ;

(d) ਮ੍ਰਿਤਕ ਵਿਅਕਤੀ ਦੀ ਆਖਰੀ ਵਸੀਅਤ, ਜੇ ਬਿਨੈਕਾਰ ਵਿੱਚ ਵਾਰਿਸ ਬਣਨ ਦੀ ਸਮਰੱਥਾ ਹੈ;

(e) ਕੋਈ ਵੀ ਦਸਤਾਵੇਜ਼ ਜੋ ਮ੍ਰਿਤਕ ਵਿਅਕਤੀ ਅਤੇ ਬਿਨੈਕਾਰ ਦੇ ਵਿਚਕਾਰ ਸੰਬੰਧਾਂ ਨੂੰ ਸਪੱਸ਼ਟ ਕਰਦਾ ਹੈ, ਜਿਵੇਂ ਕਿ ਵਿਆਹ ਜਾਂ ਜਨਮ ਸਰਟੀਫਿਕੇਟ, ਜੇ ਬਿਨੈਕਾਰ ਮ੍ਰਿਤਕ ਵਿਅਕਤੀ ਦਾ ਵਾਰਿਸ ਨਹੀਂ ਹੈ;

(f) ਸੰਪਤੀ ਦਾ ਹੱਕਦਾਰ ਬਣਨ ਲਈ ਉੱਚ ਤਰਜੀਹ ਦੇ ਹੱਕਦਾਰ ਵਿਅਕਤੀ ਦੁਆਰਾ ਨਿਯਮਿਤ ਤੌਰ ਤੇ ਦਿੱਤਾ ਗਿਆ ਤਿਆਗ-ਪੱਤਰ, ਜੇਕਰ ਲਾਗੂ ਹੋਵੇ;

(g) ਸੰਪਤੀ ਦਾ ਹੱਕ ਲੈਣ ਲਈ ਉੱਚ ਤਰਜੀਹ ਦੇ ਹੱਕਦਾਰ ਵਿਅਕਤੀ ਦੀ ਮੌਤ ਦਾ ਸਰਟੀਫਿਕੇਟ, ਜੇ ਲਾਗੂ ਹੋਵੇ;

(h) ਸੰਪਤੀ ਦਾ ਹੱਕ ਜਤਾਉਣ ਵਾਲੇ ਉੱਚ ਤਰਜੀਹ ਦੇ ਹੱਕਦਾਰ ਵਿਅਕਤੀ ਦੁਆਰਾ ਅਧਿਕਾਰ ਪੱਤਰ (ਜੇਕਰ ਅਧਿਕਾਰ ਕਿਸੇ ਕਾਨੂੰਨੀ ਫਰਮ ਦੁਆਰਾ ਤਿਆਰ ਨਹੀਂ ਕੀਤੇ ਗਏ ਹਨ ਤਾਂ ਕਿਸੇ ਹੋਰ ਰਿਸ਼ਤੇਦਾਰ ਦੀ ਮੌਜੂਦਗੀ ਵਿੱਚ ਹਸਤਾਖਰ ਕੀਤੇ ਗਏ ਹੋਣ, ਜੇ ਲਾਗੂ ਹੋਵੇ;

(i) ਕੋਈ ਵੀ ਦਸਤਾਵੇਜ਼ ਜੋ (ਕ) ਜਾਂ (ਖ) ਜਾਂ (ਗ) ਦੇ ਅਧੀਨ ਨਾਂ ਵਾਲੇ ਵਿਅਕਤੀ ਅਤੇ ਮ੍ਰਿਤਕ ਵਿਅਕਤੀ ਦੇ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ, ਜੇ ਲਾਗੂ ਹੋਵੇ; ਅਤੇ

(j) ਸੁਰੱਖਿਅਤ ਡਿਪੋਜ਼ਿਟ ਬਾਕਸ ਦੀ ਮੌਜੂਦਗੀ ਨੂੰ ਦਰਸਾਉਣ ਵਾਲੇ ਕੋਈ ਵੀ ਦਸਤਾਵੇਜ਼, ਜਿਵੇਂ ਕਿ ਬਾਕਸ ਦਾ ਲੀਜ਼ ਸਮਝੌਤਾ।

ਕਿਰਪਾ ਕਰਕੇ ਹੇਠਾਂ ਵਿਸ਼ੇਸ਼ ***ਹਾਲਤਾਂ ਵਿੱਚ ਸੁਰੱਖਿਅਤ ਡਿਪੋਜ਼ਿਟ ਬਾਕਸ ਦੀ ਜਾਂਚ ਵਾਲੇ ਭਾਗ*** ਦਾ ਵੀ ਹਵਾਲਾ ਦਿਉ, ਜੋ ਹਾਲਤਾਂ ਵਿੱਚ ਲੋੜੀਂਦੇ ਹੋਰ ਸਬੂਤ ਨਿਰਧਾਰਤ ਕਰਦਾ ਹੈ।

### *ਜਾਂਚ ਲਈ ਨਿਯੁਕਤੀ*

ਜਾਂਚ ਦੇ ਲਈ ਪ੍ਰਮਾਣ-ਪੱਤਰ ਜਾਰੀ ਕਰਨ ਲਈ, ਪ੍ਰਮਾਣ-ਪੱਤਰ ਧਾਰਕ ਨੂੰ ਜਾਂਚ ਦੇ ਲਈ ਗ੍ਰਹਿ ਵਿਭਾਗ ਦੀ ਅਸਟੇਟ ਲਾਭਪਾਤਰੀ ਸਹਾਇਤਾ ਇਕਾਈ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਅਸਟੇਟ ਲਾਭਪਾਤਰੀਆਂ ਦੀ ਸਹਾਇਤਾ ਇਕਾਈ ਦੇ ਅਧਿਕਾਰੀ ਜਾਂਚ ਪ੍ਰਕਿਰਿਆ ਵਿੱਚ ਸ਼ਾਮਿਲ ਹੋਣਗੇ।

### *ਜਾਂਚ ਪ੍ਰਕਿਰਿਆ*

ਬੈਂਕ ਜਾਂਚ ਦੇ ਲਈ ਪ੍ਰਮਾਣ-ਪੱਤਰ ਰੱਖਣ ਵਾਲੇ ਦੀ ਪਛਾਣ ਦੇ ਸਬੂਤ ਦੀ ਮੰਗ ਕਰੇਗਾ ਅਤੇ ਬੈਂਕ ਦਾ ਇਕ ਕਰਮਚਾਰੀ ਜਾਂਚ ਪ੍ਰਕਿਰਿਆ ਵਿੱਚ ਸ਼ਾਮਿਲ ਹੋਵੇਗਾ। ਜੇ ਪ੍ਰਸ਼ਨ ਵਿਚਲੇ ਸੁਰੱਖਿਅਤ ਡਿਪੋਜ਼ਿਟ ਬਾਕਸ ਨੂੰ ਸਾਂਝੇ ਤੌਰ ਤੇ ਕਿਰਾਏ 'ਤੇ ਦਿੱਤਾ ਜਾਂਦਾ ਹੈ, ਤਾਂ ਆਮ ਤੌਰ ਤੇ ਜਾਂਚ ਦੇ ਪ੍ਰਮਾਣ-ਪੱਤਰ ਦੀ ਲੋੜ ਪਵੇਗੀ, ਜਿਵੇਂ ਕਿ ਜਾਂਚ ਦੀ ਸ਼ਰਤ ਵਜੋਂ ਦੂਜੀ ਧਿਰ ਦੀ ਮੌਜੂਦਗੀ, ਇਸ ਦਾ ਭਾਵ ਹੈ ਵਾਰਿਸ/ਵਿਅਕਤੀ ਜੋ ਬਚੇ ਕਿਰਾਏਦਾਰ ਦੀ ਸੰਪਤੀ ਦਾ ਪ੍ਰਬੰਧ ਕਰਨ ਲਈ ਪਹਿਲ ਦੇ ਆਧਾਰ 'ਤੇ ਹੱਕਦਾਰ ਵਿਅਕਤੀ ਹੈ।

ਕੋਈ ਵੀ ਦਸਤਾਵੇਜ਼ ਜਾਂ ਲੇਖ, ਵਿਸ਼ੇਸ਼ ਹਾਲਤਾਂ ਵਿੱਚ ਵਸੀਅਤ ਜਾਂ ਇਸੇ ਤਰ੍ਹਾਂ ਦੇ ਸਾਧਨ ਦੇ ਅਪਵਾਦ ਤੋਂ ਇਲਾਵਾ ਜਾਂਚ ਸਮੇਂ ਸੁਰੱਖਿਅਤ ਡਿਪੋਜ਼ਿਟ ਬਾਕਸ ਤੋਂ ਹਟਾਇਆ ਨਹੀਂ ਜਾਣਾ ਚਾਹੀਦਾ।

### *ਵਸੀਅਤ ਨੂੰ ਹਟਾਉਣਾ*

ਜੇਕਰ ਜਾਂਚ ਦੌਰਾਨ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚ ਕੋਈ ਵਸੀਅਤ ਜਾਂ ਇਸ ਤਰ੍ਹਾਂ ਦਾ ਕੋਈ ਸਾਧਨ ਮਿਲਦਾ ਹੈ, ਅਤੇ ਪ੍ਰਮਾਣ-ਪੱਤਰ ਧਾਰਕ ਵਾਰਿਸ ਜਾਂ ਉਸ ਵਿੱਚ ਨਾਮਜ਼ਦ ਵਾਰਿਸਾਂ ਵਿੱਚੋਂ ਕੋਈ ਇਕ ਹੈ ਤਾਂ ਬੈਂਕ, ਧਾਰਕ ਨੂੰ ਕਾਪੀ ਦੀ ਨਕਲ ਤੋਂ ਬਾਅਦ ਵਸੀਅਤ ਜਾਂ ਸਾਧਨ ਕੱਢਣ ਦੀ ਪ੍ਰਵਾਨਗੀ ਦੇਵੇਗਾ ਜੋ ਕਿ ਬਾਕਸ ਵਿੱਚ ਰੱਖਿਆ ਗਿਆ ਹੈ। ਹੋਰਨਾਂ ਮਾਮਲਿਆਂ ਵਿੱਚ ਬੈਂਕ ਵਸੀਅਤ ਜਾਂ ਸਾਧਨ ਦੀ ਇੱਕ ਕਾਪੀ ਬਣਾਏਗਾ, ਅਸਲੀ ਨੂੰ ਵਾਪਸ ਬਾਕਸ ਵਿੱਚ ਰੱਖ ਦੇਵੇਗਾ ਅਤੇ ਉਸ ਦੀ ਨਕਲ ਮੌਜੂਦ ਸਰਕਾਰੀ ਅਧਿਕਾਰੀਆਂ ਨੂੰ ਦੇ ਦੇਵੇਗਾ। ਕਾਨੂੰਨ ਦੇ ਮੁਤਾਬਿਕ ਗ੍ਰਹਿ

ਵਿਭਾਗ ਦੇ ਸਕੱਤਰ ਨੂੰ 6 ਸਾਲ ਦੇ ਲਈ ਵਸੀਅਤ ਜਾਂ ਇਸੇ ਤਰ੍ਹਾਂ ਦੇ ਸਾਧਨ ਦੀ ਕਾਪੀ ਨੂੰ ਰੱਖਣ ਦੀ ਲੋੜ ਹੁੰਦੀ ਹੈ।

## *ਸੂਚੀ ਦੀ ਤਿਆਰੀ*

ਕਿੱਥੇ -

(a) ਸੁਰੱਖਿਅਤ ਡਿਪਾਜ਼ਿਟ ਬਾਕਸ ਵਿੱਚ ਕੋਈ ਵਸੀਅਤ ਜਾਂ ਇਸ ਤਰ੍ਹਾਂ ਦਾ ਸਾਧਨ ਨਹੀਂ ਮਿਲਿਆ ਹੈ;

(b) ਸੁਰੱਖਿਅਤ ਡਿਪਾਜ਼ਿਟ ਬਾਕਸ ਵਿੱਚ ਕੋਈ ਵਸੀਅਤ ਜਾਂ ਇਸ ਤਰ੍ਹਾਂ ਦਾ ਸਾਧਨ ਮਿਲਿਆ ਹੈ ਅਤੇ ਪ੍ਰਮਾਣ-ਪੱਤਰ ਧਾਰਕ ਇਸ ਵਿੱਚ ਨਾਮਜ਼ਦ ਵਾਰਿਸ ਹੈ; ਜਾਂ

(c) ਪ੍ਰਮਾਣ-ਪੱਤਰ ਧਾਰਕ ਸਾਂਝੇ ਤੌਰ ਤੇ ਕਿਰਾਏ 'ਤੇ ਸੁਰੱਖਿਅਤ ਡਿਪੋਜ਼ਿਟ ਬਾਕਸ ਦੇ ਮਾਮਲੇ ਵਿੱਚ ਬਚਿਆ ਕਿਰਾਏਦਾਰ ਹੈ।

ਜਾਂਚ ਦੇ ਲਈ ਪ੍ਰਮਾਣ-ਪੱਤਰ ਧਾਰਕ ਨੂੰ ਬੈਂਕ ਕਰਮਚਾਰੀਆਂ, ਜਨਤਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸੁਰੱਖਿਅਤ ਡਿਪੋਜ਼ਿਟ ਬਾਕਸ ਦੀ ਸਮੱਗਰੀ ਦੀ ਇੱਕ ਸੂਚੀ ਤਿਆਰ ਕਰਨੀ ਚਾਹੀਦੀ ਹੈ ਅਤੇ ਸਾਂਝੇ ਤੌਰ ਤੇ ਕਿਰਾਏ 'ਤੇ ਸੁਰੱਖਿਅਤ ਡਿਪੋਜ਼ਟ ਬਾਕਸ ਦੇ ਮਾਮਲੇ ਵਿੱਚ ਦੂਜੀ ਧਿਰ ਭਾਵ ਇਹ ਕਿ ਬਚਿਆ ਹੋਇਆ ਕਿਰਾਏਦਾਰ ਜਾਂ ਵਾਰਿਸ/ਸੰਪਤੀ ਦਾ ਪ੍ਰਬੰਧਨ ਕਰਨ ਲਈ ਪਹਿਲ ਦੇ ਆਧਾਰ ਤੇ ਹੱਕਦਾਰ ਵਿਅਕਤੀ। ਲੋੜ ਪੈਣ 'ਤੇ ਜਨਤਕ ਅਧਿਕਾਰੀ ਸੂਚੀ ਦੀ ਤਿਆਰੀ ਵਿੱਚ ਮਦਦ ਕਰ ਸਕਦੇ ਹਨ। ਪ੍ਰਮਾਣ-ਪੱਤਰ ਦੇ ਧਾਰਕ ਅਤੇ ਸਰਕਾਰੀ ਅਫ਼ਸਰਾਂ ਨੂੰ ਮੂਲ ਕਾਪੀ 'ਤੇ ਦਸਤਖਤ ਕਰਕੇ ਸੂਚੀ ਦੀ ਸੱਚਾਈ ਅਤੇ ਸ਼ੁੱਧਤਾ ਦੀ ਤਸਦੀਕ ਕਰਨੀ ਚਾਹੀਦੀ ਹੈ।

ਸੂਚੀ ਦੀ ਅਸਲ ਕਾਪੀ ਪ੍ਰਮਾਣ-ਪੱਤਰ ਦੇ ਧਾਰਕ ਆਪਣੇ ਕੋਲ ਰੱਖੇਗਾ। ਮੌਜੂਦ ਦੂਜੀਆਂ ਧਿਰਾਂ ਨੂੰ ਇਸ ਦੀ ਇਕ ਕਾਪੀ ਪ੍ਰਦਾਨ ਕੀਤੀ ਜਾਵੇਗੀ। ਕਾਨੂੰਨ ਦੇ ਮੁਤਾਬਿਕ ਬੈਂਕ ਅਤੇ ਗ੍ਰਹਿ ਮਾਮਲਿਆਂ ਦੇ ਸਕੱਤਰ ਨੂੰ ਵਸਤੂ ਦੀ ਕਾਪੀ ਨੂੰ 6 ਸਾਲਾਂ ਲਈ ਰੱਖਣਾ ਜ਼ਰੂਰੀ ਹੈ।

## *ਵਿਸ਼ੇਸ਼ ਹਾਲਤਾਂ ਵਿੱਚ ਸੁਰੱਖਿਅਤ ਡਿਪੋਜ਼ਿਟ ਬਾਕਸ ਦੀ ਜਾਂਚ*

ਜੇਕਰ ਸੁਰੱਖਿਅਤ ਡਿਪੋਜ਼ਟ ਬਾਕਸ ਵਿੱਚ ਕੋਈ ਵਸੀਅਤ ਜਾਂ ਕੋਈ ਇਸੇ ਤਰ੍ਹਾਂ ਦੀ ਚੀਜ਼ ਮਿਲਦੀ ਹੈ ਪਰ ਉਹ -

(a) ਵਸੀਅਤ ਜਾਂ ਸਾਧਨ ਉਪਯੋਗੀ ਨਹੀਂ ਹੈ;

(b) ਵਸੀਅਤ ਜਾਂ ਸਾਧਨ ਵਿੱਚ ਵਾਰਿਸ ਦਾ ਨਾਂ ਨਹੀਂ ਹੈ; ਜਾਂ

(c) ਵਸੀਅਤ ਜਾਂ ਸਾਧਨ ਵਿੱਚ ਨਾਮਜ਼ਦ ਵਾਰਿਸ ਜਾਂ ਹੋਰ ਵਾਰਿਸਾਂ ਦੇ ਨਾਂ -

(i) ਸਥਿਤ ਨਹੀਂ ਕੀਤਾ ਜਾ ਸਕਦਾ;

(ii) ਵਾਰਿਸ ਵਜੋਂ ਕੰਮ ਕਰਨ ਤੋਂ ਮਨ੍ਹਾ ਕਰਨਾ;

(iii) ਮਰ ਗਿਆ ਹੈ; ਜਾਂ

(iv) ਵਾਰਿਸ ਵਜੋਂ ਕੰਮ ਕਰਨ ਦੇ ਕਾਬਿਨ ਨਹੀਂ ਹੈ/ਹਨ,

ਸੰਪਤੀ ਦਾ ਹੱਕਦਾਰ ਬਣਨ ਲਈ ਪਹਿਲ ਦੇ ਆਧਾਰ ਤੇ ਹੱਕਦਾਰ ਵਿਅਕਤੀ ਜਾਂਚ ਦੇ ਲਈ ਪ੍ਰਮਾਣ-ਪੱਤਰ ਦੀ ਦਰਖਾਸਤ ਦੇ ਸਕਦਾ ਹੈ। ਉਸ ਨੂੰ ਦਰਖਾਸਤ ਦੇ ਨਾਲ ਲੋੜੀਂਦਾ ਸਬੂਤ ਵੀ ਭੇਜਣਾ ਪਵੇਗਾ ਅਤੇ ਸੰਬੰਧਤ ਕਾਰਕਾਂ ਦੀ ਜਾਂਚ ਕਰਨ ਲਈ ਉਸ ਪ੍ਰਮਾਣ-ਪੱਤਰ ਵਿੱਚ ਜਾਣਕਾਰੀ ਦਿੱਤੀ ਜਾਵੇਗੀ।

## ਬੈਂਕ ਡਿਪੋਜ਼ਿਟ ਬਾਕਸ ਵਿੱਚੋਂ ਚੀਜ਼ਾਂ ਨੂੰ ਹਟਾਉਣਾ

ਮ੍ਰਿਤਕ ਵਿਅਕਤੀ ਦੇ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚੋਂ ਕੁਝ ਖਾਸ ਦਸਤਾਵੇਜ਼ (ਵਸੀਅਤ ਜਾਂ ਇਸੇ ਤਰ੍ਹਾਂ ਦੀ ਕੋਈ ਹੋਰ ਵਸਤੂ ਸਮੇਤ) ਜਾਂ ਲੇਖਾਂ ਨੂੰ ਹਟਾਉਣ ਦਾ ਅਧਿਕਾਰ ਬਾਕਸ ਦੀ ਸਮੱਗਰੀ ਦੀ ਸੂਚੀ ਦੇ ਤਿਆਰ ਹੋਣ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ। ਕਾਨੂੰਨ ਇਹ ਇਜਾਜ਼ਤ ਦਿੰਦਾ ਹੈ ਕਿ ਕੋਈ ਦਸਤਾਵੇਜ਼ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚੋਂ ਹਟਾਇਆ ਜਾ ਸਕਦਾ ਹੈ, ਜੇਕਰ-

(a) ਵਿਦੇਸ਼ੀ ਗਰਾਂਟ ਦੀ ਇਜਾਜ਼ਤ ਜਾਂ ਪ੍ਰਤੀਨਿਧਤਾ ਦੀ ਪ੍ਰਵਾਨਗੀ ਦੇ ਪ੍ਰਬੰਧ ਲਈ ਦਰਖਾਸਤ ਦੇ ਸੰਬੰਧ ਵਿੱਚ ਦਸਤਾਵੇਜ਼ ਜ਼ਰੂਰੀ ਹੈ; ਜਾਂ

(b) (i) ਦਸਤਾਵੇਜ਼ ਮ੍ਰਿਤਕ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨਾਲ ਸੰਬੰਧਤ ਹੈ;

(ii) ਵਿਅਕਤੀ ਨੂੰ ਦਸਤਾਵੇਜ਼ ਦੀ ਫੌਰੀ ਲੋੜ ਹੈ; ਅਤੇ

(iii) ਦਸਤਾਵੇਜ਼ ਨੂੰ ਹਟਾਉਣ ਨਾਲ ਮ੍ਰਿਤਕ ਵਿਅਕਤੀ ਦੀ ਸੰਪਤੀ ਵਿੱਚ ਕਿਸੇ ਵੀ ਵਿਅਕਤੀ ਦੇ ਜਾਇਜ਼ ਹਿੱਤ ਲਈ ਪੱਖਪਾਤ ਨਹੀਂ ਹੋਵੇਗਾ।

ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚੋਂ ਮੁਦਰਾ ਮੁੱਲ ਅਤੇ ਲੇਖਾਂ ਦੇ ਦਸਤਾਵੇਜ਼ਾਂ ਨੂੰ ਹਟਾਉਣ ਦੀ ਇਜਾਜ਼ਤ ਨਹੀਂ ਹੈ, ਸਿਵਾਏ ਉਨ੍ਹਾਂ ਮਾਮਲਿਆਂ ਤੋਂ ਬਿਨਾਂ ਜਦੋਂ ਬਿਨੈਕਾਰ ਸਾਂਝੇ ਤੌਰ ਤੇ ਕਿਰਾਏ 'ਤੇ ਸੁਰੱਖਿਅਤ ਡਿਪੋਜ਼ਿਟ ਬਾਕਸ ਦੇ ਬਚੇ ਹੋਏ ਕਿਰਾਏਦਾਰ ਦੇ ਨਾਲ ਖਾਸ ਹਾਲਤਾਂ ਵਿੱਚ ਜ਼ਿੰਦਾ ਰਹਿਣ ਦਾ ਇੰਤਜ਼ਾਮ ਕਰਦਾ ਹੈ।

### *ਹਟਾਉਣ ਦੇ ਅਧਿਕਾਰ ਲਈ ਅਰਜ਼ੀ*

ਸੁਰੱਖਿਅਤ ਡਿਪੋਜ਼ਿਟ ਬਾਕਸ ਤੋਂ ਵਸਤਾਂ ਨੂੰ ਹਟਾਉਣ ਦੇ ਅਧਿਕਾਰ ਦੀ ਅਰਜ਼ੀ ਹੇਠ ਲਿਖਿਆਂ ਵੱਲੋਂ ਦਿੱਤੀ ਜਾ ਸਕਦੀ ਹੈ -

(a) ਮ੍ਰਿਤਕ ਵਿਅਕਤੀ ਦਾ ਵਾਰਿਸ;

(b) ਇਕ ਵਿਅਕਤੀ ਜੋ ਸੰਪਤੀ ਦਾ ਪ੍ਰਬੰਧਨ ਕਰਨ ਵਿੱਚ ਪਹਿਲ ਦੇ ਆਧਾਰ 'ਤੇ ਹੱਕਦਾਰ ਹੈ; ਜਾਂ

(c) ਰਹਿ ਰਿਹਾ ਕਿਰਾਏਦਾਰ, ਜੇ ਸੁਰੱਖਿਅਤ ਡਿਪੋਜ਼ਿਟ ਬਾਕਸ ਨੂੰ ਮ੍ਰਿਤਕ ਵਿਅਕਤੀ ਦੁਆਰਾ ਸਾਂਝੇ ਤੌਰ 'ਤੇ ਹੋਰ ਵਿਅਕਤੀਆਂ ਨਾਲ ਕਿਰਾਏ 'ਤੇ ਦਿੱਤਾ ਜਾਂਦਾ ਹੈ।

### *ਬਚਾਅ ਪ੍ਰਬੰਧ ਦੇ ਨਾਲ ਸਾਂਝੇ ਤੌਰ ਤੇ ਕਿਰਾਏ 'ਤੇ ਸੁਰੱਖਿਅਤ ਡਿਪੋਜ਼ਿਟ ਬਾਕਸ*

ਜਿਥੇ ਸਾਂਝੇ ਤੌਰ 'ਤੇ ਕਿਰਾਏ 'ਤੇ ਲਏ ਸੁਰੱਖਿਅਤ ਡਿਪੋਜ਼ਿਟ ਬਾਕਸ ਦਾ ਲੀਜ਼ ਸਮਝੌਤਾ ਬਚੇ ਰਹਿਣ ਦੀ ਵਿਵਸਥਾ ਮੁਹੱਈਆ ਕਰਦਾ ਹੈ, ਬਚੇ ਕਿਰਾਏਦਾਰ ਉਸ ਕੋਲ ਸੁਰੱਖਿਅਤ ਡਿਪੋਜ਼ਿਟ ਬਾਕਸ ਦੇ ਦਸਤਾਵੇਜ਼ਾਂ ਅਤੇ ਸੰਬੰਧਤ ਲੇਖਾਂ ਨੂੰ ਹਟਾਉਣ ਵਾਲੇ ਅਧਿਕਾਰ ਦੇ ਲਈ ਅਰਜ਼ੀ ਦੇ ਸਕਦੇ ਹਨ। ਅਰਜ਼ੀ ਫਾਰਮ HAEU4A 'ਤੇ ਕੀਤੀ ਜਾਣੀ ਚਾਹੀਦੀ ਹੈ, ਅਤੇ ਬਚੇ ਹੋਏ ਕਿਰਾਏਦਾਰ ਨੂੰ ਵਸਤੂ ਜਾਂ ਚੀਜ਼ ਨੂੰ ਹਟਾਉਣ ਲਈ ਜਾਇਦਾਦ ਦਾ ਪ੍ਰਬੰਧ ਕਰਨ ਲਈ ਪਹਿਲ ਦੇ ਹੱਕਦਾਰ ਵਿਅਕਤੀ ਦੀ ਲਿਖਤੀ ਸਹਿਮਤੀ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਬਾਅਦ ਵਿੱਚ ਹਟਾਉਣ ਦੀ ਪ੍ਰਕਿਰਿਆ ਵੇਲੇ ਮੌਜੂਦਗੀ ਵੀ ਹੋਣੀ ਚਾਹੀਦੀ ਹੈ।

ਮ੍ਰਿਤਕ ਵਿਅਕਤੀ ਦੀ ਮੌਤ ਤੋਂ 12 ਮਹੀਨਿਆਂ ਬਾਅਦ, ਬਚੇ ਹੋਏ ਕਿਰਾਏਦਾਰ ਸੁਰੱਖਿਅਤ ਸੁਰੱਖਿਅਤ ਡਿਪੋਜ਼ਿਟ ਬਾਕਸ ਤਕ ਆਪਣੀ ਪਹੁੰਚ ਦੇ ਅਧਿਕਾਰ ਦਾ ਇਸਤੇਮਾਲ ਕਰ ਸਕਦੇ ਹਨ, ਬਸ਼ਰਤੇ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚ ਸਮੱਗਰੀ ਦੀ ਸੂਚੀ ਪਹਿਲਾਂ ਹੀ ਉਪਯੋਗੀ ਕਾਨੂੰਨੀ ਪ੍ਰਬੰਧਾਂ ਮੁਤਾਬਿਕ ਤਿਆਰ ਕੀਤੀ ਗਈ ਹੋਵੇ। ਵਸਤੂਆਂ ਨੂੰ ਹਟਾਉਣ ਲਈ ਕਿਸੇ ਅਧਿਕਾਰ ਲਈ ਅਰਜ਼ੀ ਦੇਣ ਦੀ ਲੋੜ ਨਹੀਂ ਹੈ। ਹਾਲਾਂਕਿ ਹੋ ਸਕਦਾ ਹੈ ਕਿ ਬੈਂਕ ਪੁਖਤਾ ਸਬੂਤ ਮੰਗੇਗਾ ਕਿ ਮ੍ਰਿਤਕ ਵਿਅਕਤੀ ਦੀ ਮੌਤ ਨੂੰ ਹੋਇਆਂ 12 ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ।

ਸੁਰੱਖਿਅਤ ਡਿਪੋਜ਼ਿਟ ਬਾਕਸ ਤੋਂ ਦਸਤਾਵੇਜ਼ **ਹਟਾਉਣ ਲਈ ਹੋਰ ਅਰਜ਼ੀਆਂ ਜੋ ਉਪਰੋਕਤ ਬੈਂਕ ਡਿਪੋਜ਼ਿਟ ਬਾਕਸ ਵਿੱਚੋਂ ਚੀਜ਼ਾਂ ਨੂੰ** ਹਟਾਉਣ ਦੇ ਤਹਿਤ ਨਿਰਧਾਰਿਤ ਸ਼ਰਤਾਂ ਨੂੰ ਪੂਰੀਆਂ ਕਰਦੀਆਂ ਹਨ, ਫਾਰਮ HAEU4B 'ਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਅਜਿਹੇ ਮਾਮਲਿਆਂ ਵਿੱਚ ਜਿੱਥੇ ਸੁਰੱਖਿਅਤ ਡਿਪੋਜ਼ਿਟ ਬਾਕਸ ਨੂੰ ਮ੍ਰਿਤਕ ਵਿਅਕਤੀ ਦੁਆਰਾ ਸਾਂਝੇ ਤੌਰ ਤੇ ਹੋਰਨਾਂ ਵਿਅਕਤੀਆਂ ਨਾਲ ਕਿਰਾਏ 'ਤੇ ਦਿੱਤਾ ਗਿਆ ਸੀ, ਅਰਜ਼ੀ ਨੂੰ ਦੂਸਰੀ ਧਿਰ ਤੋਂ ਲਿਖਤੀ ਸਹਿਮਤੀ ਦੁਆਰਾ ਸਮਰਥਿਤ ਕੀਤਾ ਜਾਣਾ ਚਾਹੀਦਾ ਹੈ। (ਜਿਵੇਂ ਕਿ ਬਚੇ ਹੋਏ ਕਿਰਾਏਦਾਰ ਉਨ੍ਹਾਂ ਮਾਮਲਿਆਂ ਵਿੱਚ ਜਿਥੇ ਬਿਨੈਕਾਰ ਮ੍ਰਿਤਕ ਵਿਅਕਤੀ ਦੀ ਜਾਇਦਾਦ ਦਾ ਪ੍ਰਬੰਧ ਕਰਨ ਲਈ ਪਹਿਲ ਦੇ ਆਧਾਰ 'ਤੇ ਹੱਕਦਾਰ/ਵਿਅਕਤੀ ਹੈ, ਜਾਂ ਵਾਰਿਸ/ਅਸਟੇਟ ਦਾ ਪ੍ਰਬੰਧ ਕਰਨ ਲਈ ਪਹਿਲ ਦੇ ਆਧਾਰ ਤੇ ਹੱਕਦਾਰ ਵਿਅਕਤੀ, ਜੇ ਬਿਨੈਕਾਰ ਬਚਿਆ ਹੋਇਆ ਕਿਰਾਏਦਾਰ ਹੈ)।

### *ਲੋੜੀਂਦੇ ਦਸਤਾਵੇਜ਼*

ਸੁਰੱਖਿਅਤ ਡਿਪਾਜ਼ਿਟ ਬਾਕਸ ਵਿੱਚੋਂ ਵਸਤਾਂ ਨੂੰ ਹਟਾਉਣ ਲਈ ਬੇਨਤੀ ਪੱਤਰ ਦੇ ਨਾਲ ਹੇਠ ਲਿਖੇ ਦਸਤਾਵੇਜ਼ਾਂ ਦੀ ਲੋੜ ਪੈਂਦੀ ਹੈ -

(a) ਬੇਨਤੀਕਰਤਾ ਦਾ ਪਛਾਣ-ਪੱਤਰ/ਪਾਸਪੋਰਟ;

(b) ਬੈਂਕ ਡਿਪਾਜ਼ਿਟ ਬਾਕਸ ਵਿਚਲੀਆਂ ਵਸਤਾਂ ਦੀ ਸੂਚੀ;

(c) ਮ੍ਰਿਤਕ ਵਿਅਕਤੀ ਦੀ ਆਖਰੀ ਵਸੀਅਤ, ਜੇ ਬਿਨੈਕਾਰ ਮ੍ਰਿਤਕ ਵਿਅਕਤੀ ਦਾ ਵਾਰਿਸ ਹੈ ਅਤੇ ਵਸੀਅਤ ਦੀ ਕਾਪੀ ਨਹੀਂ ਦਿੱਤੀ ਗਈ ਹੈ;

(d) ਕੋਈ ਵੀ ਦਸਤਾਵੇਜ਼ ਜੋ ਮ੍ਰਿਤਕ ਵਿਅਕਤੀ ਅਤੇ ਬਿਨੈਕਾਰ ਦੇ ਵਿਚਕਾਰ ਸੰਬੰਧਾਂ ਨੂੰ ਦਰਸਾਉਂਦਾ ਹੈ, ਜਿਵੇਂ ਕਿ ਵਿਆਹ ਜਾਂ ਜਨਮ ਪ੍ਰਮਾਣ-ਪੱਤਰ, ਜੇ ਬਿਨੈਕਾਰ ਮ੍ਰਿਤਕ ਵਿਅਕਤੀ ਦਾ ਵਾਰਿਸ ਨਹੀਂ ਹੈ ਅਤੇ ਅਜਿਹਾ ਦਸਤਾਵੇਜ਼ ਮੁਹੱਈਆ ਨਹੀਂ ਕੀਤਾ ਗਿਆ ਹੈ;

(e) ਸੰਪਤੀ ਦਾ ਹੱਕ ਲੈਣ ਵਾਲੇ ਉੱਚ ਤਰਜੀਹ ਦੇ ਹੱਕਦਾਰ ਵਿਅਕਤੀ ਦੁਆਰਾ ਮੁਕੰਮਲ ਤਿਆਗ ਦਾ ਪੱਤਰ, ਜੇ ਲੋੜੀਂਦਾ ਹੋਵੇ ਅਤੇ ਮੁਹੱਈਆ ਨਾ ਕੀਤਾ ਗਿਆ ਹੋਵੇ;

(f) ਸੰਪਤੀ ਦਾ ਹੱਕ ਲੈਣ ਲਈ ਉੱਚ ਤਰਜੀਹ ਦੇ ਹੱਕਦਾਰ ਵਿਅਕਤੀ ਦੀ ਮੌਤ ਦਾ ਪ੍ਰਮਾਣ-ਪੱਤਰ, ਜੇ ਲੋੜੀਂਦਾ ਹੋਵੇ ਅਤੇ ਮੁਹੱਈਆ ਨਾ ਕੀਤਾ ਗਿਆ ਹੋਵੇ;

(g) ਕੋਈ ਵੀ ਦਸਤਾਵੇਜ਼ ਜੋ (ਹ) ਅਤੇ (ਕ) ਦੇ ਅਧੀਨ ਨਾਮ ਵਾਲੇ ਵਿਅਕਤੀ ਅਤੇ ਮ੍ਰਿਤਕ ਵਿਅਕਤੀ ਦੇ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ, ਜੇ ਲੋੜੀਂਦਾ ਹੋਵੇ; ਅਤੇ ਫਾਰਮ HAEU4A ‘ਤੇ ਅਰਜ਼ੀਆਂ ਦੇ ਸੰਬੰਧ ਵਿੱਚ:

(h) ਦਸਤਾਵੇਜ਼ ਵਿੱਚ ਕਿਰਾਏਦਾਰ ਦੀ ਮਲਕੀਅਤ ਸਿੱਧ ਕਰਨ ਵਾਲੇ ਹਟਾਏ ਗਏ ਦਸਤਾਵੇਜ਼ ਅਤੇ/ਜਾਂ ਲੇਖ।

### *ਹਲਫਨਾਮਾ*

ਅਸਟੇਟ ਲਾਭਪਾਤਰੀਆਂ ਦੀ ਸਹਾਇਤਾ ਇਕਾਈ ਦੁਆਰਾ ਹਟਾਏ ਜਾਣ ਲਈ ਅਧਿਕਾਰ ਦੀ ਅਰਜ਼ੀ ਦੀ ਪਰਖ ਕਰਨ ਤੋਂ ਬਾਅਦ, ਬਿਨੈਕਾਰ ਨੂੰ ਅਰਜ਼ੀ ਵਿੱਚ ਦਿੱਤੇ ਤੱਥਾਂ ਦੀ ਸੱਚਾਈ ਅਤੇ ਸਹੀ ਹੋਣ ਬਾਰੇ ਇਕ ਹਲਫੀਆ ਬਿਆਨ ਵਿੱਚ ਸਹੁੰ ਖਾਣ/ਪ੍ਰਮਾਣਿਤ ਕਰਨ ਲਈ ਕਹਿ ਸਕਦਾ ਹੈ।

## ਕਾਪੀ ਲਈ ਅਰਜ਼ੀ/ਗ੍ਰਹਿ ਮਾਮਲਿਆਂ ਦੇ ਡਾਇਰੈਕਟਰ ਦੁਆਰਾ ਰੱਖੀ ਗਈ ਦਸਤਾਵੇਜ਼ ਦੀ ਪ੍ਰਮਾਣਿਤ ਅਸਲ ਕਾਪੀ

ਯੋਗ ਵਿਅਕਤੀ ਵਸੀਅਤ ਦੀ ਕਾਪੀ ਦੀ ਇੱਕ ਕਾਪੀ/ਪ੍ਰਮਾਣਿਤ ਅਸਲ ਕਾਪੀ ਜਾਂ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚ ਇਸੇ ਤਰ੍ਹਾਂ ਦੇ ਕਿਸੇ ਸਾਧਨ ਲਈ ਜਾਂ ਗ੍ਰਹਿ ਮਾਮਲਿਆਂ ਦੇ ਡਾਇਰੈਕਟਰ ਦੁਆਰਾ ਸੁਰੱਖਿਅਤ ਡਿਪੋਜ਼ਿਟ ਬਾਕਸ ਦੇ ਸੰਬੰਧ ਵਿੱਚ ਵਸਤੂ ਸੂਚੀ ਦੀ ਕਾਪੀ ਲਈ ਅਰਜ਼ੀ ਦੇ ਸਕਦਾ ਹੈ। ਕਾਪੀ/ਪ੍ਰਮਾਣਿਤ ਅਸਲ ਕਾਪੀ ਲਈ ਫੀਸ ਦਾ ਭੁਗਤਾਨ ਕਰਨਾ ਪਵੇਗੀ।

- ਵਸੀਅਤ ਜਾਂ ਇਸੇ ਤਰ੍ਹਾਂ ਦੇ ਸਾਧਨ ਦੀ ਕਾਪੀ ਦੇ ਮਾਮਲੇ ਵਿਚ, ਬਿਨੈਕਾਰ ਨੂੰ ਉਸ ਸੰਪਤੀ ਦਾ ਹੱਕ ਲੈਣ ਲਈ ਪਹਿਲ ਦੇ ਅਧਾਰ ਤੇ ਯੋਗ ਵਿਅਕਤੀ ਹੋਣਾ ਚਾਹੀਦਾ ਹੈ ਜੋ ਮ੍ਰਿਤਕ ਵਿਅਕਤੀ ਦੀ ਸੰਪਤੀ ਦੇ ਸੰਬੰਧ ਵਿੱਚ ਕਿਸੇ ਗਰਾਂਟ ਲਈ ਅਰਜ਼ੀ ਦੇਣਾ ਚਾਹੁੰਦਾ ਹੈ, ਅਤੇ ਵਿਚਾਰ ਅਧੀਨ ਅਰਜ਼ੀ ਦੇ ਲਈ ਵਸੀਅਤ ਜਾਂ ਢੁਕਵੇਂ ਸਾਧਨ ਦਾ ਹੋਣਾ ਜ਼ਰੂਰੀ ਹੈ।
- ਵਸਤੂ-ਸੂਚੀ ਦੀ ਕਾਪੀ ਦੇ ਮਾਮਲੇ ਵਿੱਚ ਬਿਨੈਕਾਰ ਉਹ ਵਿਅਕਤੀ ਹੋਣਾ ਚਾਹੀਦਾ ਹੈ ਜੋ ਮ੍ਰਿਤਕ ਵਿਅਕਤੀ ਦੀ ਸੰਪਤੀ ਵਿੱਚ ਕਾਨੂੰਨੀ ਤੌਰ ਤੇ ਹੱਕਦਾਰ ਹੋਵੇ ਜਾਂ ਸੁਰੱਖਿਅਤ ਡਿਪੋਜ਼ਿਟ ਬਾਕਸ ਦੇ ਬਚੇ ਹੋਏ ਕਿਰਾਏ ਨੂੰ ਮ੍ਰਿਤਕ ਵਿਅਕਤੀ ਨਾਲ ਸਾਂਝੇ ਤੌਰ ਤੇ ਪੱਟੇਦਾਰ ਨੂੰ ਦਿੱਤਾ ਜਾਵੇ।

ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚ ਵਸੀਅਤ ਜਾਂ ਇਸ ਤਰ੍ਹਾਂ ਦੇ ਸਾਧਨ ਦੀ ਕਾਪੀ ਜਾਂ ਡਾਇਰੈਕਟਰ ਦੁਆਰਾ ਸੁਰੱਖਿਅਤ ਡਿਪੋਜ਼ਿਟ ਬਾਕਸ ਦੇ ਸੰਬੰਧ ਵਿੱਚ ਇਸੇ ਤਰ੍ਹਾਂ ਦੇ ਸਾਧਨ ਦੀ ਕਾਪੀ/ਪ੍ਰਮਾਣਿਤ ਅਸਲ ਕਾਪੀ ਲਈ ਅਰਜ਼ੀ ਲੜੀਵਾਰ ਫਾਰਮ HAEU6A ਜਾਂ HAEU6B 'ਤੇ ਕੀਤੀ ਜਾ ਸਕਦੀ ਹੈ।

## ਫਾਰਮ

ਫਾਰਮ HAEU3, HAEU4A, HAEU4B, HAEU6A ਅਤੇ HAEU6B ਦੀਆਂ ਕਾਪੀਆਂ ਗ੍ਰਹਿ ਵਿਭਾਗ ਦੇ ਅਸਟੇਟ ਲਾਭਪਾਤਰੀ ਸਹਾਇਤਾ ਇਕਾਈ 'ਤੇ ਉਪਲਬਧ ਹਨ। (ਸੰਪਰਕ ਵੇਰਵਿਆਂ ਦੇ ਲਈ ਕਿਰਪਾ ਕਰਕੇ ਹੇਠਾਂ **ਪੁੱਛ-ਗਿੱਛ** ਵਾਲੇ ਭਾਗ ਨੂੰ ਦੇਖੋ) ਇਸ ਇਲਾਵਾ ਫਾਰਮ ਹੇਠਾਂ ਦਿੱਤੀ ਵੈਬਸਾਈਟ ਤੋਂ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ: http://www.had.gov.hk/estates।

## ਪੁੱਛ-ਗਿੱਛ

ਜੇਕਰ ਤੁਹਾਡੇ ਕੋਲ 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੇ ਸੁਰੱਖਿਅਤ ਡਿਪੋਜ਼ਿਟ ਬਾਕਸ ਵਿੱਚੋਂ ਚੀਜ਼ਾਂ ਦੀ ਜਾਂਚ ਜਾਂ ਹਟਾਉਣ ਨਾਲ ਸੰਬੰਧਤ ਕੋਈ ਪ੍ਰਸ਼ਨ ਹਨ, ਤਾਂ ਤੁਸੀਂ ਗ੍ਰਹਿ ਵਿਭਾਗ ਦੇ ਅਸਟੇਟ ਲਾਭਪਾਤਰੀ ਸਹਾਇਤਾ ਯੂਨਿਟ ਨਾਲ ਸੰਪਰਕ ਕਰ ਸਕਦੇ ਹੋ-

- ਪਤਾ : 3/ਐੱਫ, ਸਾਊਥਹੋਰਨ ਸੈਂਟਰ, 130, ਹੇਨੇਸੀ ਰੋਡ, ਵਾਨ ਚਾਈ, ਹਾਂਗ ਕਾਂਗ
- ਟੈਲੀਫੋਨ : 2835 1535
- ਫੈਕਸ : 2122 9497
- ਈ-ਮੇਲ : ebsu@had.gov.hk
- ਵੈੱਬਸਾਈਟ : http://www.had.gov.hk/estates

| |
|---|
| 11 ਫਰਵਰੀ 2006 ਤੋਂ ਪਹਿਲਾਂ ਮਰਨ ਵਾਲੇ ਵਿਅਕਤੀਆਂ ਦੀਆਂ ਜਾਇਦਾਦਾਂ ਦੇ ਪ੍ਰਬੰਧਨ ਲਈ, ਕਿਰਪਾ ਕਰਕੇ ਇਨਲੈਂਡ ਰੈਵੇਨਿਊ ਵਿਭਾਗ ਦੇ ਅਸਟੇਟ ਡਿਊਟੀ ਦਫ਼ਤਰ ਨਾਲ 2594 3240 'ਤੇ ਸੰਪਰਕ ਕਰੋ। |

*ਗ੍ਰਹਿ ਵਿਭਾਗ*
*ਅਪ੍ਰੈਲ 2007*
ਸਰਕਾਰੀ ਲੌਜਿਸਟਿਕਸ ਵਿਭਾਗ ਦੁਆਰਾ ਪ੍ਰਕਾਸ਼ਿਤ